# 2019 ਦੀ ਕੋਮੁਨਿਟੀ ਲਈ ਰਿਪੋਰਟ

ABBOTSFORD

ABBOTSFORD 2020
25 YEARS
CELEBRATING 25 YEARS OF COMMUNITY

ਐਬਟਸਫੋਰਡ ਫਰੇਜ਼ਰ ਵੈਲੀ ਦਾ ਕੇਂਦਰ

ਮੇਅਰ ਵੱਲੋਂ ਸੰਦੇਸ਼:

ਆਪਣੀ ਕੋਮੁਨਿਟੀ ਨੂੰ ਸਾਡੇ 2019 ਵਿੱਚ ਕੀਤੇ ਮੁੱਖ ਕਾਰਜਾਂ ਦੀ ਲਿਸਟ ਪੇਸ਼ ਕਰਦਿਆਂ ਮੈਂ ਬੜਾ ਹੀ ਮਾਣ ਮਹਿਸੂਸ ਕਰ ਰਿਹਾ ਹਾਂ।

ਇਹ ਮੁੱਖ ਕੰਮਾਂ ਦੀ ਛੋਟੀ ਜਿਹੀ ਲਿਸਟ ਇੱਕ ਬਹੁਤ ਹੀ ਵੱਡੀ ਕਹਾਣੀ ਦਾ ਹਿੱਸਾ ਹੈ- ਇਸ ਵਿੱਚ ਉਹ ਸਭ ਸੰਕੇਤ ਪੇਸ਼ ਕਰਾਂਗੇ ਜੋ ਦੱਸਣ ਗੇ ਕਿ ਅਸੀਂ ਫਰੇਜ਼ਰ ਵੈਲੀ ਦੇ ਸਰਬ ਪੱਖੀ ਵਿਕਾਸਾਂ ਲਈ ਕੀ ਕੀ ਕੀਤਾ ਹੈ। ਇਸ ਵਿੱਚੋਂ ਤੁਸੀਂ ਦੇਖ ਸਕੋ ਗੇ ਕਿ ਜੋ ਅਸੀਂ 2019 ਤੋਂ 2022 ਸਟਰੈਟਜਿਕ ਪਲੈਨ ਬਣਾਏ ਸਨ, ਉਨ੍ਹਾਂ ਦੀ ਪੂਰਤੀ ਵਲ ਜਾਂਦਿਆਂ ਵੱਖ ਵੱਖ ਯੋਜਨਾਵਾਂ ਇੱਕ ਦੂਜੀ ਨਾਲ਼ ਜੁੜੀਆਂ ਹੋਈਆਂ ਹਨ। ਸਟਰੈਟਜਿਕ ਪਲੈਨ ਤੋਂ ਭਾਵ: ਸ਼ਕਤੀ ਭਰਪੂਰ ਇਕੌਨੌਮੀ, ਸੰਪੂਰਨ ਕੋਮੁਨਿਟੀ, ਫਿਸਕਲ ਡਸਿੱਪਲਿਨ ਅਤੇ ਸਾਰੀਆਂ ਸੰਸਥਾਵਾਂ ਦਾ ਤਾਲਮੇਲ। ਸਾਡੀਆਂ ਇਹ ਸਭ ਪ੍ਰਾਪਤੀਆਂ ਇੱਕ ਕਿਸਮ ਦੇ ਦਿਸਹੱਦੇ ਹਨ ਜਿਨ੍ਹਾਂ ਤੋਂ ਸਾਡੀਆਂ ਸਭ ਪ੍ਰਾਪਤੀਆਂ ਦੀ ਭਰਪੂਰ ਜਾਣਕਾਰੀ ਝਲਕਦੀ ਹੈ।

ਅਸੀਂ ਜੋ ਵੀ ਕੀਤਾ ਹੈ ਜਾਂ ਹੁਣ ਕਰਨਾ ਹੈ ਉਸ ਦਾ ਮੁੱਖ ਮਨੋਰਥ ਕੋਮੁਨਿਟੀ ਅਤੇ ਇਸ ਦੇ ਕਾਰੋਬਾਰਾਂ ਦੀ ਬਿਹਤਰੀ ਹੈ। ਸਾਡੀ ਕੌਂਸਿਲ ਦੀ ਹਰ ਕੋਸ਼ਿਸ਼ ਇਸ ਪਾਸੇ ਵੱਲ ਉਲਾਰ ਹੈ ਕਿ ਲੋਕਾਂ ਦੇ ਜੀਵਨ ਨੂੰ ਵਧੀਆ ਅਤੇ ਔਣ ਵਾਲੀਆਂ ਪੀੜ੍ਹੀਆਂ ਲਈ ਵਧੀਆ ਵਾਤਾਵਰਣ ਪੈਦਾ ਕਰ ਸਕੀਏ।

2020 ਵਿੱਚ ਅਸੀਂ ਕੀ ਕੀ ਕਰਨਾ ਹੈ ਉਸ ਦੀ ਪੂਰੀ ਤਫਸੀਲ ਸਟਰੈਟਜਿਕ ਪਲੈਨ abbotsford.ca/strategic ਤੇ ਦੇਖ ਸਕਦੇ ਹੋ।

ਸਟਰੈਟਜਿਕ ਪਲੈਨ ਇੱਕ ਉਹ ਜੋੜ-ਕੜੀ ਹੈ ਜੋ ਮਿਉਂਸਪਲ ਪਲੈਨਿੰਗ ਦੇ ਫੈਸਲੇ, ਮਿਉਨਸਪਿਲ ਬਿਜ਼ਨੱਸ ਪਲੈਨ ਅਤੇ ਬਜਟ ਦੀ ਪੂਰਤੀ, ਸਿਟੀ ਸਟਾਫ ਨੂੰ ਸਹੀ ਦਿਸ਼ਾ ਵਲ ਲਿਜਾਣ ਲਈ ਨਜ਼ਰਸਾਨੀ ਦੀ ਸ਼ਕਤੀ ਪ੍ਰਦਾਨ ਕਰਨਾ ਹੈ। ਇਸ ਵਿੱਚੋਂ ਆਪ ਸਭ ਨੂੰ ਇੱਕ ਝਲਕ ਦਿਸੇ ਗੀ ਕਿ ਅਸੀਂ ਸਿਟੀ ਨੂੰ ਸਹੀ ਦਿਸ਼ਾਵਾਂ ਵਲ ਕਿੰਨਾ ਕੁ ਸਹੀ ਲਿਜਾ ਰਹੇ ਹਾਂ।

ਸਾਡੀ ਖੁਸ਼ਕਿਸਮਤੀ ਹੈ ਕਿ ਸ਼ਕਤੀਸ਼ਾਲੀ ਅਤੇ ਬਹੁ-ਭਾਂਤੀ ਕੋਮੁਨਿਟੀ ਦੀਆਂ ਸਰਬਪੱਖੀ ਸੇਵਾਵਾਂ ਕਰਨ ਦਾ ਸਾਨੂੰ ਮੌਕਾ ਮਿਲਿਆ ਹੈ। ਸ਼ਹਿਰ ਨੂੰ ਬਹੁਤ ਸਾਰੇ ਮੌਕਿਆਂ ਅਤੇ ਉਮੀਦਾਂ ਦੀ ਚਾਹਤ ਹੈ।

ਮੇਅਰ ਹੈਨਰੀ ਬਰੌਨ

## ਕਾਉਂਸਿਲ ਦੇ ਚਾਰ ਸਟਰੈਟਜਿਕ ਥੰਮ

- ਸ਼ਕਤੀ ਭਰਪੂਰ ਆਰਥਿਕਤਾ
- ਸਮੂਹ ਸੰਸਥਾਵਾਂ ਦਾ ਗੱਠ-ਜੋੜ
- ਸੰਪੂਰਨ ਕੋਮੁਨਿਟੀ
- ਸਰਕਾਰੀ ਪੈਸੇ ਦੀ ਸਹੀ ਵਰਤੋਂ

## 2019 ਦੀਆਂ ਮੁੱਖ ਪ੍ਰਾਪਤੀਆਂ:

•ਸ਼ਹਿਰ ਦੀ ਜੰਗਲਾਂ ਪ੍ਰਤੀ ਨੀਤੀ ਅਰਬਨ ਫੌਰੈਸਟਰੀ ਸਟਰੈਟਜੀ ਸ਼ੁਰੂ ਕੀਤੀ।

•ਸਪੈਸ਼ਲ ਸਟੱਡੀ ਏਰੀਏ ਦੀ ਪੁਨਰਜਾਂਚ ਨੂੰ ਪੂਰਾ ਕੀਤਾ।

•ਲਿੱਜਵਿਊ ਗੌਲਫ ਕੋਰਸ ਕਲੱਬ ਹਾਊਸ ਪਰੋਜੈਕਟ ਦਾ ਨਿਰਮਾਣ ਕੀਤਾ।

•ਗਰੀਨ ਫਲੀਟ ਸਟਰੈਟਜੀ, ਜੋ ਕਿ ਗੰਦੀਆਂ ਗੈਸਾਂ ਦੇ ਨਿਕਾਸ ਨੂੰ ਘੱਟ ਕਰਨ ਲਈ ਬਣੀ ਸੀ, ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ।

•ਨਵੀਂ ਟਰਾਂਜ਼ਿਟ ਓਪਰੇਸ਼ਨ ਅਤੇ ਮੇਨਟੀਨੈਂਸ ਫਿਸਿਲਿਟੀ ਜੋ ਕਿ ਆਵਾਜਾਈ ਦੇ ਸਾਧਨਾਂ ਵਾਸਤੇ ਬਹੁਤ ਹੀ ਜ਼ਰੂਰੀ ਸੀ, ਉਸ ਦਾ 50% ਕੰਮ ਪੂਰਾ ਹੋ ਗਿਆ ਹੈ।

•ਲੈੱਟਸ ਟਾਕ ਐਬਟਸਫੋਰਡ ਪੋਰਟਲ ਇੱਕ ਐਸਾ ਸਾਧਨ ਬਣਾ ਦਿੱਤਾ ਹੈ ਜਿਸ ਰਾਹੀਂ ਲੋਕੀਂ ਹਰ ਜਾਣਕਾਰੀ ਲੈ ਸਕਦੇ ਹਨ ਅਤੇ ਆਪਣੇ ਸੁਝਾਵ ਵੀ ਦੇ ਸਕਦੇ ਹਨ।

•ਐਬਟਸਫੋਰਡ ਅੰਤਰਰਾਸ਼ਟਰੀ ਏਅਰ ਪੋਰਟ ਤੇ ਇਸ ਸਾਲ 10 ਲੱਖ ਯਾਤਰੀਆਂ ਨੇ ਸਫਰ ਕੀਤਾ। ਇਹ ਅੱਜ ਤੱਕ ਦੀ ਰੀਕਾਰਡ-ਤੋੜ ਪ੍ਰਾਪਤੀ ਹੈ।

•ਅੰਤਰ ਸਰਕਾਰੀ ਰਿਲੇਸ਼ਨ ਸਟਰੈਟਜੀ ਨੂੰ ਪੂਰਾ ਕੀਤਾ, ਜਿਸ ਰਾਹੀਂ ਹੇਠਲੇ ਦਫਤਰਾਂ ਦੀ ਉਚ ਸਰਕਾਰਾਂ ਦੇ ਦਫਤਰਾਂ ਨਾਲ਼ ਤਾਲਮੇਲ ਹੋ ਸਕੇਗਾ।

•ਕੌਂਸਿਲ ਕਮੇਟੀ ਸਟਰਕਚਰ ਨੂੰ ਹੇਠਲੇ ਪੱਧਰ ਤੋਂ ਹੋਰ ਉੱਚਾ ਚੁੱਕਦਿਆਂ ਸਟਰੈਟਜੀ ਦੇ ਚਾਰ ਥੰਮ੍ਹਾਂ ਨਾਲ਼ ਜੋੜ ਸਰਬ ਪੱਖੀ ਵਿਕਾਸਾਂ ਲਈ ਨਵੇਂ ਵਸੀਲੇ ਤੇ ਮੌਕੇ ਪੈਦਾ ਕੀਤੇ।

•ਹਰ ਖੇਤਰ ਵਿੱਚ ਖਰੀਦਦਾਰਾਂ ਦੇ ਸਭ ਤਜ਼ਰਬਿਆਂ ਨੂੰ ਮੁੱਖ ਰੱਖਦਿਆਂ ਇੱਕ ਕਸਟੂਮਰ ਕਲਚਰ ਸਟਰੈਟਜੀ ਬਣਾਈ ਹੈ।

## ਐਬਟਸਫੋਰਡ ਸਿਟੀ ਕੌਂਸਿਲ 2019 - 2022

ਸਾਡੇ ਉਦੇਸ਼:
ਆਪਣੀ ਕੋਮੁਨਿਟੀ ਦੀ ਜੀਵਨ ਦੀ ਕੁਆਲਿਟੀ ਵਿੱਚ ਸੁਧਾਰ ਕਰਨ ਲਈ ਅਸੀਂ ਸਭ ਵਸੀਲੇ ਪੈਦਾ ਕਰ ਕੇ ਉਜਲਾ ਭਵਿੱਖ ਉਸਾਰਾਂ ਗੇ।



ਮੇਅਰ ਹੈਨਰੀ ਬਰੌਨ | ਕੌਂਸਲਰ ਬਰੂਸ ਬੈਨਮੈਨ | ਕੌਂਸਲਰ ਲੈਸ ਬਾਰਕਮੈਨ | ਕੌਂਸਲਰ ਸੈਂਡੀ ਬਲੂ | ਕੌਂਸਲਰ ਕੈਲੀ ਚਾਹਲ | ਕੌਂਸਲਰ ਬਰੈਂਡਾ ਫਾਕ | ਕੌਂਸਲਰ ਡੇਵ ਲਾਇਵੇਨ | ਕੌਂਸਲਰ ਪੈਟਰੀਸੀਆ ਰੌਸ | ਕੌਂਸਲਰ ਰੌਸ ਸੀਮਨਸ

# ਸੰਪੂਰਨ ਕੋਮੁਨਿਟੀ

ਐਬਟਸਫੋਰਡ ਸ਼ਹਿਰ ਦੀ ਕੋਮੁਨਿਟੀ ਇੱਕ ਬਹੁਭਾਂਤੀ, ਸਰੱਖਿਅਤ, ਵਿਰਾਸਤੀ ਅਤੇ ਹਰੀ ਭਰੀ ਵਸੋਂ ਵਾਲੀ ਹੈ ਜੋ ਕਿ ਤੁਹਾਡੇ ਜੀਵਨ ਨੂੰ ਸਭ ਸਹੂਲਤਾਂ ਦੇਣ ਵਿੱਚ ਯੋਗ ਹੈ ਜਿਵੇਂ ਬੱਸ ਸੇਵਾਵਾਂ, ਵਿਉਪਾਰਕ ਸਥਾਨਾ ਤੇ ਪਹੁੰਚਣ ਲਈ ਯੋਗ, ਵਸੋਂ ਹਰ ਤਰਾਂ ਸੁਰੱਖਿਅਤ ਅਤੇ ਵੱਖ ਵੱਖ ਜੀਵਨ ਸਹੂਲਤਾਂ ਭਰਪੂਰ ਹੈ ਜੋ ਕਿ ਸਾਡੇ ਸੱਭਿਆਚਾਰਕ ਵਿਰਾਸਤ ਅਤੇ ਕੁਦਰਤੀ ਸੁੰਦਰਤਾ ਤੇ ਨਿਰਧਾਰਤ ਹੈ।

## 2019 ਦਾ ਆਰਟਸ ਤੇ ਹੈਰੀਟੇਜ ਸੋਸਾਈਟੀ ਦਾ ਕੁਮੁਨਿਟੀ ਵਿੱਚ ਯੋਗ ਦਾਨ:

ਹੈਰੀਟੇਜ ਸੋਸਾਈਟੀ 19 ਹਜ਼ਾਰ ਤੋਂ ਵੱਧ ਵਿਜ਼ਟਰਸ ਪਹੁੰਚੇ, 764 ਘੰਟੇ ਵਲੰਟੀਅਰ ਵਰਕ ਕੀਤਾ 33,000 ਵੈਬਸਾਈਟ ਤੋਂ ਜਾਣਕਾਰੀਆਂ ਪ੍ਰਾਪਤ ਕੀਤੀਆਂ

**ਦੀ ਰੀਚ**
25,000 ਵਿਜ਼ਟਰ, 321 ਈਵੈਂਟਸ, 14 ਕੁਰੇਟਡ ਨੁਮਾਇਸ਼ਾਂ, 8 ਕੋਮੁਨਿਟੀ ਨੁਮਾਇਸ਼ਾਂ, 2 ਯਾਤਰਾ ਸਬੰਧੀ ਐਗਜ਼ੀਬੀਸ਼ਨ, 8 ਪਬਲੀਕੇਸ਼ਨਸ

**ਐਬੀ ਆਰਟਸ ਕੌਂਸਿਲ**
ਲੋਕਲ ਆਰਟਸ, ਹੈਰੀਟੇਜ ਅਤੇ ਕਲਚਰ ਔਰਗੇਨਾਈਜ਼ੇਸ਼ਨ ਦੇ 100 ਮੈਂਬਰਾਂ ਦੀ ਮੱਦਦ ਕੀਤੀ। ਜੈਮ ਇਨ ਜੁਬਲੀ ਅਤੇ ਮਿੱਲ ਲੇਕ ਮਿਊਜ਼ਿਕ ਨੂੰ ਪਾਰਕ ਈਵੈਂਟਸ ਵਿੱਚ ਔਰਗੇਨਾਈਜ਼ ਕੀਤਾ।

ਨੇਬਰਹੁੱਡ ਸਪਿਰਟ ਗਰਾਂਟ ਦੀਆਂ ਅਰਜ਼ੀਆਂ ਵਿੱਚ 24% ਵਾਧਾ ਹੋਇਆ। ਇਨ੍ਹਾਂ ਵਿੱਚੋਂ 24 ਕੇਸ ਬਹੁਤ ਹੀ ਵਿਸ਼ੇਸ਼ ਹਨ ਜਿਨ੍ਹਾਂ ਵਿੱਚ ਮੁਹੱਲਾ ਵਾਸੀਆਂ ਨੂੰ ਆਪਸੀ ਵਧੀਆ ਸਬੰਧਾਂ, ਸੱਭਿਆਚਾਰਕ ਮੇਲ ਲਿਪਾਂ ਅਤੇ ਸਮਾਗਮਾ ਦੀਆਂ ਸਾਂਝਦਾਰੀ-ਆਂ ਵਧੌਣ ਦੇ ਮੌਕੇ ਦਿੱਤੇ **abbotsford.ca/neighbourhoods**

ਕਲਚਰ ਸਟਰੈਟਜੀ ਲੌਂਚ ਕੀਤੀ ਜੋ ਕਲਚਰਲ ਪ੍ਰੋਗਰਾਮ ਅਤੇ ਸਹੀ ਮੌਕਿਆਂ ਨੂੰ ਸੇਧ ਦੇਵੇ ਗੀ। **abbotsford.ca/culturestrategy**

ਅਪਾਹਜ ਐਥਲੀਟਾਂ ਦੇ ਖੇਲ੍ਹਣ ਫਰੇਜ਼ਰ ਵੈਲੀ ਦੇ ਸਭ ਤੋਂ ਪਹਿਲੇ ਟਰਫ-ਬੌਲ-ਡਾਇਮੰਡ ਦੀ ਉਸਾਰੀ ਗਰੈਂਡ ਪਾਰਕ ਵਿੱਚ ਪੂਰੀ ਹੋ ਗਈ ਹੈ।

ਜੁਬਲੀ ਪਾਰਕ ਦਾ ਵਿਕਾਸ ਪੂਰਾ ਕੀਤਾ, ਸੇਫਟੀ, ਵਿਜ਼ੀਬਿਲਿਟੀ ਅਤੇ ਪਾਰਕਿੰਗ ਦੀ ਜਗ੍ਹਾ ਵਿੱਚ ਵਾਧਾ ਕੀਤਾ ਹੈ। **Abbotsford.ca/jubilee**



ਮਨਿਸਟਰੀ ਅਫੌ ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰਕਚਰ ਦੀ ਸਾਂਝਦਾਰੀ ਨਾਲ ਮਾਊਂਟ ਲੀਮਨ ਚੌੜੀ ਕਰਨ ਦੇ ਅਧੀਨ ਆਉਂਦੇ ਸਾਈਡ ਵਾਕਸ ਅਤੇ ਬਾਈਕ ਲੇਨਜ਼ ਨੂੰ ਚੌੜਾ ਕਰਨ ਦਾ ਕੰਮ ਨੇਪਰੇ ਚੜ੍ਹਿਆ ਜਿਸ ਨਾਲ਼ ਬਹੁਤ ਲੋਕਾਂ ਨੂੰ ਕੋਮੁਨਿਟੀ ਵਿੱਚ ਜਾਣਾ ਔਣਾ ਸੌਖਾ ਹੋਇਆ ਹੈ। ਐਬਟਸਫੋਰਡ ਲੋਕਲ ਇੰਮੀਗਰੇਸ਼ਨ ਪਾਰਟਨਰਸ਼ਿੱਪ ਨਾਲ਼ ਮਿਲ ਕੇ ਨਿਊ-ਕਮਰਸ ਬੱਸ ਟੂਰ ਦਾ ਆਯੋਜਨ ਕੀਤਾ।

ਸਿਟੀ ਦਾ ਸਿਗਨਲ ਬੌਕਸ ਰੈਪ ਪ੍ਰੋਗਰਾਮ ਸ਼ੁਰੂ ਕੀਤਾ ਜਿਸ ਅਧੀਨ ਬੋਰਕੁਇਨ ਅਤੇ ਸਾਊਥ ਫਰੇਜ਼ੇ-ਵੇ ਦਾ ਪਹਿਲਾ ਰੈਪ ਪੂਰਾ ਕਾਰਜਸ਼ੀਲ ਹੈ। ਇਸ ਨਾਲ਼ 70 ਨਵੇਂ ਆਏ ਲੋਕਾਂ ਨੂੰ ਲੋਕਲ ਸਰੋਤਾਂ ਦਾ ਟੂਰ ਕਰਾਇਆ।

ਐਬਟਸਫੋਰਡ ਸਿਟੀ ਨੇ ਲਗਾਤਾਰ ਤੀਜੀ ਵਾਰੀ ਵੌਲਫ-ਆਟੋ ਗਰੁੱਪ ਤੋਂ ਸਿਟੀ ਪਾਕ ਦੀ ਡੋਨੇਸ਼ਨ ਪ੍ਰਾਪਤ ਕੀਤੀ। ਸਿਟੀ ਪਾਕ ਬੈਕ ਪੈਕਸ ਜੋ ਲੋਕੀ ਬੇ-ਘਰੇ ਹੋਣ ਦੀ ਨੌਬਤ ਤੱਕ ਪਹੁੰਚ ਗਏ ਹਨ। ਉਨ੍ਹਾਂ ਦੀ ਸਹਾਇਤਾ ਲਈ ਤਿਆਰ ਕੀਤਾ।




ਹੂਨ ਪਾਰਕ, ਮੈਤਸਕਈ ਰੀਕ੍ਰੀਏਸ਼ਨ ਸੈਂਟਰ ਗਰਾਂਟ ਪਾਰਕ ਅਤੇ ਟਰਨਰ ਹਾਊਸ ਸਟੋਰੀ ਬੋਰਡ ਪਬਲਿਕ ਆਰਟ ਪ੍ਰੋਜੈਕਟ ਪੂਰੇ ਕੀਤੇ।

ਨੈਸ਼ਨਲ ਕੋਮਿਨਟੀਸ ਦੇ ਬਲੂਮ ਪ੍ਰੋਗਰਾਮ ਵਿੱਚ ਸ਼ਹਿਰ ਨੂੰ 5 ਬਲੂਮਸ ਐਵਾਰਡ ਪ੍ਰਾਪਤ ਹੋਏ। **abbotsford.ca/cib**

ਸਰਵਿਸ ਕੈਨੇਡਾ ਡੈਜ਼ਿਗਨੇਟਡ ਕੁਮੁਨਿਟੀ ਸਟੇਟਸ ਵਿੱਚ ਗਿਣਨ ਲਈ ਕੈਨੇਡਾ ਦੇ ਟੌਪ 16 ਕੁਮੁਨਿਟੀਆਂ ਲਈ ਸ਼ੌਰਟ ਲਿਸਟ ਕੀਤਾ।

ਦੋ ਦੋਹਰੇ ਪੋਰਟ ਚਾਂਰਜਿੰਗ ਸਟੇਸ਼ਨ ਓਰਚ ਤੇ ਲਗਾਏ, ਜਿਸ ਨਾਲ਼ ਬਿਜਲੀ ਨਾਲ਼ ਚੱਲਣ ਵਾਲੀਆਂ ਗੱਡੀਆਂ ਚਾਰਜ ਹੋ ਸਕਦੀਆਂ ਹਨ।

ਸਾਲਟਨ ਰੋਡ, ਪਠਡਿਸਟਰੀਅਨ ਬਰਿੱਜ ਪੂਰਾ ਕੀਤਾ ਜਿਸ ਨਾਲ਼ ਕੋਮੁਨਿਟੀ ਦੇ ਐਕਟਿਵ ਟਰਾਂਸਪੋਰਟੇਸ਼ਨ ਨੂੰ ਨੈੱਟ ਵਰਕ ਨਾਲ਼ ਜੋੜਿਆ। **abbotsford.ca/salton**




ਐਬਟਸਫੋਰਡ ਹੋਮਲੈੱਸਨੈੱਸ ਪ੍ਰੀਵਿੰਨਸ਼ਨ ਅਤੇ ਰਿਸਪੌਂਸ ਸਿਸਟਮ ਅਤੇ ਐਬਟਸਫੋਰਡ ਦੀ ਇੰਟਰ ਏਜੰਸੀ ਕੇਅਰ ਟੀਮ ਨੇ ਲੋਕਾਂ ਦੀ ਸਹਾਇਤਾ ਨਾਲ਼ 1200 ਤੋਂ ਵੱਧ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀ ਕਮਾਈ ਵਧੌਣ ਵਿੱਚ, ਘਰ ਖ੍ਰੀਦਣ ਵਿੱਚ ਅਤੇ ਸਹਿਤ ਸਹੂਲਤਾਂ ਵਧੌਣ ਵਿੱਚ ਮੱਦਤਾਂ ਦਿੱਤੀਆਂ। **abbotsford.ca/homelessness**

2019 ਦੀ ਬਹਾਰ ਰੁੱਤ ਵਿੱਚ 81 ਮੌਡੂਲਰ ਘਰਾਂ ਦੇ ਦਰਵਾਜ਼ੇ ਖੋਲ੍ਹੇ ਗਏ। ਇਹ ਮਸਲਾ ਐਬਟਸਫੋਰਡ ਸਿਟੀ, ਬੀ. ਸੀ. ਹਾਊਸਿੰਗ, ਸਥਾਨਕ ਮੁਨਾ.ਫਾ-ਰਹਿਤ ਅਦਾਰਿਆਂ, ਫਰੇਜ਼ਰ ਹੈਲਥ ਦੇ ਸਹਿਯੋਗਾਂ ਨਾਲ ਸਿਰੇ ਚੜ੍ਹ ਸਕਿਆ।

ਬੀ.ਸੀ. ਟਰਾਂਜ਼ਿਟ ਨਾਲ਼ ਮਿਲ਼ ਕੇ ਸਾਰੇ ਬੱਸ ਰੂਟਾਂ ਦੀਆਂ ਸੇਵਾਵਾਂ ਵਧਾਈਆਂ।

ਨੂਕਸੈਕ ਰਿਵਰ ਓਵਰ ਫਲੋ ਫਲੱਡ ਮਿਟੀਗੇਸ਼ਨ ਪਲੈਨ ਨੂੰ ਵਧੌਣ ਲਈ ਸੀਨੀਅਰ ਸਰਕਾਰਾਂ ਤੋਂ 250 ਹਜ਼ਾਰ ਡਾਲਰ ਪ੍ਰਾਪਤ ਕੀਤੇ।

**ਸ਼ਹਿਰੀ ਗਤੀਵਿਧੀਆਂ ਵਿੱਚ ਵਾਧੇ!**
ਲਗਭਗ 800 ਕਿਲੋਮੀਟਰ ਸੜਕ ਲਾਈਨਾਂ ਨੂੰ  ਰੀਪੇਅਰ ਕੀਤਾ ਅਤੇ 120 ਇੰਟਰਸਿਕਸ਼ਨਜ਼ ਨੂੰ ਰੀਮਾਰਕ ਕੀਤਾ। ਪਬਲਿਕ ਦੀਆਂ ਸਹੂਲਤਾਂ ਅਤੇ ਸੇਫਟੀ ਲਈ , 31 ਕਿਲੋਮੀਟਰ ਸੜਕਾਂ ਨੂੰ ਦੁਬਾਰਾ ਲੁੱਕ ਪਾ ਕੇ ਠੀਕ ਕੀਤਾ 1536 ਟੋਏ ਪੂਰੇ, ਇਸ ਸਭ ਕਾਸੇ ਨਾਲ਼ ਸੜਕਾਂ ਤੇ ਸੁਰੱਖਿਅਤਾ ਵਿੱਚ ਵਾਧਾ ਹੋਇਆ।
ਮੈਕਲਿਉਰ ਰੋਡ ਤੇ ਬਲਿਊ-ਜੇ-ਸਟਰੀਟ ਦੀ ਕਪੈਸਿਟੀ ਨੂੰ ਵਧਾ ਦਿੱਤਾ।
ਮਾਰਸ਼ਲ ਰੋਡ ਕੁਨੈਕਟਰ ਪਰੋਜੈਕਟ, ਮਾਊਂਟਲੇਮਨ ਰੋਡ ਤੋਂ ਬਰੈਡਨਰ ਰੋਡ ਨੂੰ ਸੁਧਾਰਿਆ ਅਤੇ ਮਾਊਂਟ-ਲੇਮਨ ਰੋਡ ਜਿਸ ਨੂੰ ਮਨਿਸਟਰੀ ਆਫ ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰਕਚਰ ਨੂੰ ਚੌੜਾ ਕਰਨ ਵਿੱਚ ਸਹਾਇਤਾ ਦਿੱਤੀ।
ਰੋਡ ਸੇਫਟੀ ਪਰੋਜੈਕਟਾਂ ਲਈ **ICBC** ਨਾਲ਼ ਸਾਂਝਦਾਰੀ ਕੀਤੀ:
8 ਕਰੌਸ ਵਾਕਸ ਨੂੰ ਵਧੀਆ ਬਣਾਇਆ
4 ਕਰੌਸ ਵਾਕਾਂ ਤੇ ਸਿਗਨਲ ਲਾਏ
ਅਤੇ 5 ਸਾਈਡਵਾਕ ਬਣੌਣ ਵਿੱਚ ਮੱਦਦ ਕੀਤੀ।

## ਸਿਟੀ ਕਾਰਜ

ਅਸੀਂ 120 ਕਿਲੋਮੀਟਰ ਪਗਡੰਡੀ-ਆਂ, 190 ਤੋਂ ਵੱਧ ਖੁਲ੍ਹੀਆਂ ਥਾਵਾਂ ਨੂੰ ਸੁਧਾਰਿਆ ਅਤੇ 190 ਤੋਂ ਵੱਧ ਬਾਹਰ ਹੋਣ ਵਾਲੀਆਂ ਈਵਿੰਟਸ ਨੂੰ ਸਪੋਰਟ ਕੀਤਾ।

1200 ਤੋਂ ਵੱਧ ਰੁੱਖ ਲਗਵਾਏ, 14 ਹਜ਼ਾਰ ਮੌਸਮੀ ਫੁੱਲ ਬੂਟੇ ਲਗਵਾਏ, 34150 ਬਲਬ ਅਤੇ 13500 ਕਿਆਰੀਆਂ ਵਾਲ਼ੇ ਬੂਟੇ, ਲਗਭਗ 120 ਕਿਆਰੀਆਂ ਵਿੱਚ ਲਵਾਏ।

ਗਾਹਕਾਂ ਦੀਆਂ ਜ਼ਰੂਰਤਾਂ ਲਈ ARC ਅਤੇ MRC ਤੇ ਵਧੀਆ ਕਿਸਮ ਦੇ ਪਬਲਿਕ ਵਾਈਫਾਈ ਲਗਵਾਏ।

ਅਸੀਂ ਉਹ ਫਲੀਟ ਲਏ ਜਿਨ੍ਹਾਂ ਵਿੱਚ ਵੱਧ ਤੋਂ ਵੱਧ ਡਿਸਕਾਊਂਟ ਮਿਲਿਆ ਅਤੇ ਆਪਣੇ ਸ਼ਹਿਰ ਦੇ ਸੁਰੱਖਿਅਤ ਡਰਾਈਵਰਾਂ ਕਰ ਕੇ ਲਗਾਤਾਰ ਪੰਜਵੀਂ ਵਾਰੀ ਵੱਧ ਡਿਸਕਾਊਂਟ ਵਾਲ਼ੇ ਕੇਟਾਂ ਤੇ ਇਨਸੋਰੈਂਸ ਲਈ।

# ਫਿਸਕਲ ਡਸਿਪਲਿਨ

ਸ਼ਹਿਰੀ ਪਾਲਸੀਆਂ ਦਾ ਸਾਰਾ ਕੰਮ ਪਾਰਦਰਸ਼ੀ ਅਤੇ ਵਚਨਬੱਧ ਹੈ, ਭਾਵ ਕਾਉਂਸਿਲ ਦੇ ਸਾਰੇ ਹੋ ਰਹੇ ਕੰਮਾਂ ਦੀ ਜਾਣਕਾਰੀ ਦੀ ਪਹੁੰਚ ਸ਼ਹਿਰੀਆਂ ਨੂੰ ਉਪਲਭਦ ਹੈ।

ਨਵੀਂ ਡਵਿਲਪਮੈਂਟ ਕੌਸਟ ਚਾਰਜ (DCC) ਬਾਈ ਲਾਅ ਬਣੌਣ ਦਾ ਕੰਮ ਸ਼ੁਰੂ ਹੋ ਗਿਆ ਹੈ ਜੋ ਇਹ ਯਕੀਨੀ ਬਣਾਵੇਗਾ ਕਿ ਡਵਿਲਪਮੈਂਟ ਦੇ ਸਭ ਖਰਚੇ ਓਸ ਕਾਨੂੰਨ ਦੇ ਅਨੁਸਾਰ ਹਨ।

ਸ਼ਹਿਰੀਆਂ ਲਈ ਨਵੀਂ ਔਨਲਾਈਨ ਪੇਮੈਂਟਾਂ ਦੀ ਔਪਸ਼ਨ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ਼ ਲੋਕਾਂ ਦਾ ਸਿਟੀ ਹਾਲ ਜਾ ਕੇ ਪੈਸੇ ਜਮ੍ਹਾ ਕਰੌਣ ਵਾਲ਼ਾ ਟਾਈਮ ਵਚ ਜਾਵੇਗਾ।

ਸਿਟੀ ਨੇ ਇੱਕ ਗਰਾਂਟਸ ਅਤੇ ਐਵਾਰਡਸ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਨਾਲ਼ ਲੋਕਾਂ ਦਾ ਟੈਕਸ ਵਿੱਚ ਦਿੱਤਾ ਹੋਇਆ ਪੈਸਾ ਸ਼ਹਿਰ ਦੀਆਂ ਖਾਸ ਮਾਸਟਰ ਪਲੈਨਸ ਵਿੱਚ ਲਗਾਇਆ ਜਾਵੇਗਾ ਅਤੇ ਹੋਰ ਕਈ ਪ੍ਰਕਾਰ ਦੇ ਪ੍ਰੋਗਰਾਮਾਂ ਵਾਸਤੇ ਫੰਡ ਵੀ ਦਿੱਤੇ ਜਾਣ੍ਹਗੇ।

ਸ਼ਹਿਰ, ਸੂਮਸ ਫਰਸਟ ਨੇਸ਼ਨ ਅਤੇ ਮਨਿਸਟਰੀ ਔਫ ਫੌਰਿਸਟ ਲੈਂਡਸ ਅਤੇ ਨੈਚੁਰਲ ਰੀਸੋਰਸਿਸ ਵਿੱਚ ਇੱਕ ਸਮਝੌਤਾ ਸਾਈਨ ਕੀਤਾ ਗਿਆ ਹੈ ਜਿਹੜਾ ਕਿ ਫਰੇਜ਼ਰ ਰਿਵਰ ਤੇ ਪ੍ਰਭਾਵ ਪੌਣ ਵਾਲੇ ਕੰਮਾਂ ਵਿੱਚ ਸਾਂਝੇ ਤੌਰ ਤੇ ਹਿੱਸਾ ਪਾਵੇ ਗਾ।



**ਅਸੀਂ ਆਪਣੇ ਵਲੰਟੀਅਰਸ ਨੂੰ ਪਿਆਰ ਕਰਦੇ ਹਾਂ**

ਐਸ ਸਾਲ ਬਹੁਤ ਸਾਰੇ ਨਵੇਂ ਵਲੰਟੀਅਰ ਪ੍ਰੋਗਰਾਮ ਸ਼ੁਰੂ ਕੀਤੇ ਗਏ ਜਿਵੇਂ 'ਇੱਕ ਪਾਰਕ ਨੂੰ ਅਡੌਪਟ ਕਰੋ', ਲਾਈ 5-2-1-0 ਪਲੇਅ ਬੌਕਸ, ਰੀਕਰੀਏਸ਼ਨ ਸਨੈਪ ਵਲੰਟੀਅਰ, ਗੋ ਗਰੀਨ ਟੀਮ ਅਤੇ ਸਟੌਰਮ ਡਰੇਨ ਟਰੂਪਰਸ।

2019 ਵਿੱਚ ਵਲੰਟੀਅਰਾਂ ਦੀ ਪਾਰਟੀਸੀਪੇਸ਼ਨ 13% ਜ਼ਿਆਦਾ ਸੀ ਅਤੇ ਇਹ ਅਨਦਾਜ਼ਾ ਲਗਾਇਆ ਗਿਆ ਹੈ ਕਿ ਇਨ੍ਹਾਂ ਦੁਆਰਾ ਕੀਤਾ ਗਿਆ ਕੰਮ 31.7 ਫੁੱਲ ਟਾਈਮ ਕਰਮਚਾਰੀਆਂ ਦੇ ਬਰਾਬਰ ਸੀ।

Be a Volunteer
...You'll be glad you did!
**abbotsford.ca/volunteer**

# ਸ਼ਕਤੀ ਭਰਪੂਰ ਇਕੌਨੌਮੀ

ਐਬਟਸਫੋਰਡ ਸ਼ਹਿਰ, ਵਿਕਾਸਾਂ, ਨਵੇਂ ਟੇਲੈਂਟਸ ਅਤੇ ਨਵੇਂ ਵਿਉਪਾਰਕ ਵਾਧਿਆਂ ਦੀ ਇੱਕ ਹੱਬ ਹੈ।

## ਸਿਟੀ ਸਟੂਡਿਓ ਦਾ ਦੂਜਾ ਸਾਲ!

2019 ਵਿੱਚ ਸਿਟੀ ਸਟੂਡਿਓ ਪ੍ਰੋਗਰਾਮਾਂ ਵਿੱਚ ਬੜੀਆਂ ਹੀ ਉੱਚੀਆਂ ਛਾਲਾਂ ਮਾਰੀਆਂ। ਇਹ ਪ੍ਰੋਗਰਾਮ ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਅਤੇ ਐਬਟਸਫੋਰਡ ਅਤੇ ਐਬਟਸਫੋਰਡ ਸਕੂਲ ਡਿਸਟ੍ਰਿਕਟ ਦੀ ਸਾਂਝਦਾਰੀ ਨਾਲ਼ ਚੱਲਦਾ ਹੈ।

ਐਸ ਸਾਲ ਸਿਟੀ ਨੇ ਦੋ ਸਿਟੀ ਸਟੂਡਿਓ ਹੱਬਬੱਬਸ ਹੋਸਟ ਕੀਤੇ ਜਿਨ੍ਹਾਂ ਵਿੱਚ ਨਵੇਂ ਵਿਚਾਰ ਸਾਂਝੇ ਕੀਤੇ, ਵਿਦਿਆਰਥੀ ਅਤੇ ਕੋਮੁਨਿਟੀ ਮੈਂਬਰਾਂ ਦਾ ਤਾਲਮੇਲ ਹੋਇਆ।

ਅਸੀਂ ਆਪਣੇ ਸਿਟੀ ਸਟੂਡਿਓ ਦਾ ਵਿਸਥਾਰ ਕੀਤਾ UFV ਅਤੇ ਸਿਟੀ ਸਟੂਡਿਓ ਹਾਈ ਸਕੂਲ ਪ੍ਰੋਗਰਾਮ ਅਤੇ ਸਿਟੀ ਸਟੂਡਿਓ ਦੀ ਪਹਿਲੀ ਐਨੂਅਲ ਰੀਪੋਰਟ ਤਿਆਰ ਕੀਤੀ ਜਿਨ੍ਹਾ ਵਿੱਚ ਨਵੇਂ ਵਿਚਾਰ ਅਤੇ ਨਵੀਆਂ ਗੱਲਾਂ ਸਾਂਝੀਆਂ ਕੀਤੀਆਂ ਗਈਆਂ।

abbotsford.ca/citystudio

CITYSTUDIO

ਚੋਟੀ ਦੀਆਂ 7 ਹੁਸ਼ਿਆਰ ਕੋਮੁਨਟੀਆਂ ਵਿੱਚ ਇੱਕ ਵੱਖਰੀ ਪਹਿਚਾਨ ਬਣੀ ਜੋ ਕਿ ਸਾਡੇ ਮਜ਼ਬੂਤ ਇਕਨਾਮਿਕ ਲਾਭਾਂ ਲਈ ਬੜੀ ਹੀ ਸਪੋਰਟ ਭਰੀ ਹੋਵੇਗੀ।

caed.abbotsford.ca

ਏਅਰ ਪੋਰਟ ਤੇ 14000 ਸੁਕੇਅਰ ਫੁੱਟ ਏਅਰ ਪੋਰਟ ਟਰਮੀਨਲ ਨੂੰ ਵਧਾਇਆ ਅਤੇ 10 ਲੱਖਵੀਂ ਸਵਾਰੀ ਜੋ ਏਥੇ ਆਈ ਉਸ ਦਾ ਵਿਸ਼ੇਸ਼ ਮਾਨ ਸਨਮਾਨ ਕੀਤਾ।



162 ਆਊਟਡੋਰ ਕੋਮੁਨਿਟੀ ਈਵਿੰਟਸ ਦੀ ਮੱਦਦ ਕੀਤੀ, ਜਿਸ ਨਾਲ ਲਗਭਗ 18.2 ਮਿਲੀਅਨ ਡਾਲਰ ਦਾ ਵਾਧਾ ਹੋਇਆ।



60 ਫਿਲਮਾਂ ਨੂੰ ਪਰਮਿਟ ਦਿੱਤੇ ਗਏ, ਸਾਰੀ ਕੋਮੁਨਿਟੀ ਵਿੱਚ 145 ਸਥਾਨਾ ਤੇ 172 ਦਿਨ ਫਿਲਮਾਂ ਦੀ ਸ਼ੂਟਿੰਗ ਹੋਈ ਜਿਸ ਨਾਲ਼ ਅਨੁਦਾਜ਼ਨ 1.7 ਮਿਲੀਅਨ ਡਾਲਰ ਦੀ ਕਮਾਈ ਹੋਈ।

ਐਬਟਸਫੋਰਡ ਏਅਰਪੋਰਟ ਤੇ ਨਵੀਂ ਬਿਲਡਿੰਗ ਸਪੇਸ ਬਣਾਈ ਜਿਸ ਨਾਲ਼ ਏਅਰੋਸਪੇਸ ਸੈਕਟਰ ਦਾ ਵਾਧਾ ਹੋਇਆ, 23000 ਸੁਕੇਅਰ ਫੁੱਟ ਹੈਂਗਰ ਸਪੇਸ, 18000 ਸੁਕੇਅਰ ਫੁੱਟ ਹੈਂਗਰ ਸਪੇਸ ਅਤੇ 800 ਸੁਕੇਅਰ ਫੁੱਟ ਸਿਮੂਲੇਟਰ ਸੈਂਟਰ ਬਣਾਇਆ।

ਅਸੀਂ ਆਪਣੇ ਰੀਕਰੀਏਸ਼ਨ ਸੈਂਟਰਾਂ ਤੇ 1.26 ਮਿਲੀਅਨ ਮਹਿਮਾਨਾਂ ਨੂੰ ਜੀਊ ਆਇਆਂ ਕਿਹਾ।

ਸਾਡੇ ਰੀਕੌਰਡ ਸਟਾਫ਼ ਨੇ ਰੀਕਾਰਡਾਂ ਤੱਕ ਪਹੁੰਚ ਕਰਨ ਲਈ 557 ਅਰਜ਼ੀਆਂ ਨੂੰ ਜਾਂਚਿਆ ਅਤੇ 13 ਪਰਾਈਵੇਸੀ ਇਮਪੈਕਟ ਅਸਿੱਸਮੈਂਟ ਨੂੰ ਪਰੋਸੈੱਸ ਕੀਤਾ।

2019 ਵਿੱਚ ਅਸੀਂ ਕਨਸਟਰਕਸ਼ਨ ਦੀ ਕੀਮਤ ਜੋ ਕਿ 575 ਮਿਲੀਅਨ ਡਾਲਰ ਸੀ, ਕਰ ਕੇ ਰੀਕਾਰਡ ਤੋੜਿਆ।

ਐਬਟਸਫੋਰਡ ਕੋਮੁਨਿਟੀ ਦੇ ਹੱਬ ਸੈਂਟਰ ਪ੍ਰੋਜੈਕਟ ਦੀ ਸਟਰੈਟਜਿਕ ਪਾਰਟਨਰਸ਼ਿੱਪ ਲਈ ਪਰੀਮੀਅਰ ਵੱਲੋਂ ਦਿੱਤੇ ਜਾਣ ਵਾਲ਼ੇ ਰੀਜੀਨਲ ਐਵਾਰਡ ਲਈ ਸਾਨੂੰ ਨੌਮੀਨੇਟ ਕੀਤਾ ਗਿਆ।

ਐਬਟਸਫੋਰਡ ਫਾਇਰ ਰੈਸਕਿਊ ਸਰਵਿਸ ਨੇ 2019 ਵਿੱਚ ਦਸ ਹਜ਼ਾਰ ਘਟਨਾਵਾਂ ਤੇ ਪਹੁੰਚ ਕੀਤੀ।

# ਸੰਸਥਾਵਾਂ ਦਾ ਆਪਸੀ ਤਾਲਮੇਲ

ਐਬਟਸਫੋਰਡ ਸਿਟੀ ਕੋਲ਼ ਮਜ਼ਬੂਤ, ਚਿਰਸਥਾਈ ਅਤੇ ਸਾਂਝੀਦਾਰੀਆਂ ਨਾਲ਼ ਕੰਮ ਕਰਨ ਦੇ ਪ੍ਰੋਜੈਕਟ ਮਾਜੂਦ ਹਨ।

ਅਰਬਨ ਫੌਰੈਸਟਰੀ ਸਟਰੈਟਜੀ ਅਤੇ ਕਲਚਰ ਸਟਰੈਟਜੀ ਵਿੱਚ ਪਾਰਕਾਂ ਦੇ ਵਿਕਾਸ, ਮਨਪ੍ਰਚਾਵੇ ਅਤੇ ਸੱਭਿਆਚਾਰਕ ਮਾਸਟਰ ਪਲੈਨਸ ਨੂੰ ਲਾਗੂ ਕਰਨ ਦੇ ਪ੍ਰੋਜੈਕਟ ਹਨ।

**letstalkabbotsford.ca/urbanforestry**

ਬਾਈ ਲਾਅ ਸਰਵਿਸਿਸ ਨੇ ਬਾਈ ਲਾਅ ਸਰਵਿਸਿਜ਼ ਸਬੰਧੀ 4100 ਕਾਲਾਂ ਸੁਣੀਆਂ, ਜਿਸ ਨਾਲ਼ ਲੋਕਾਂ ਨੂੰ ਸਿੱਖਿਆ ਦੇਣ ਦੇ ਅਤੇ ਆਪਸੀ ਝਗੜੇ ਨਿਬੇੜਨ ਵਿੱਚ ਮੱਦਦ ਕੀਤੀ ਅਤੇ ਅੱਗੋਂ ਤੋਂ ਇਹੋ ਜਿਹੇ ਝਗੜੇ ਨਬੇੜਨ ਲਈ ਵਿੱਚ ਪੈ ਕੇ ਝਗੜੇ ਨਿਬੇੜਨ ਦਾ ਰਾਹ ਖੋ੍ਲਿਆ।





ਅਸੀਂ ਆਪਣੀ ਕਸਟੂਮਰ ਕਲਚਰ ਸਟਰੈਟਜੀ ਪੂਰੀ ਕੀਤੀ ਜੋ ਕਿ ਸਾਡੀਆਂ ਸੰਸਥਾਵਾਂ ਦੇ ਸਹੀ ਕੰਮ ਕਰਨ ਵਲ ਅਤੇ ਲੋਕਾਂ ਦੀ ਉਨ੍ਹਾਂ ਤੱਕ ਸੌਖੀ ਪਹੁੰਚ ਹੋ ਸਕਣ ਅਤੇ ਲੋਕਾਂ ਨੂੰ ਉਨ੍ਹਾਂ ਤੋਂ ਕੁੱਝ ਸਿੱਖਣ ਅਤੇ ਵਰਤਣ ਲਈ ਸਿੱਖਿਆ ਮਿਲਦੀ ਹੈ।

ਆਪਣੀਆਂ ਸੰਸਥਾਵਾਂ ਨੂੰ ਨਵੇਂ ਵਿਚਾਰ ਦੇਣ ਵਿੱਚ **UFV** ਨਾਲ਼ ਮਿਲ਼ ਕੇ ਲਰਨਿੰਗ ਐਂਡ ਡਵਿੱਲਪਮੈਂਟ ਇਨੋਵੇਸ਼ਨ-ਡੇ ਈਵੈਂਟਸ ਦੀ ਸਹਾਇਤਾ ਕੀਤੀ।

ਫਾਇਰ ਰੈਸਕਿਊ ਸਰਵਿਸ ਲਈ ਨਵੀਂ ਸੋਧੀ ਹੋਈ ਟੈਕਨਾਲੋਜੀ ਲਿਔਣ ਦੀ ਪਾਲਣਾ ਕੀਤੀ ਗਈ ਜਿਸ ਨਾਲ਼ ਸਟਾਫ਼ ਦੇ ਸਮੇਂ ਵਿਚ 100 ਘੰਟਿਆਂ ਦੀ ਬੱਚਤ ਹੋਈ।

2019 ਵਿੱਚ ਇਲੈਕਟਰੌਨਿਕ ਰੀਕੌਰਡ ਸਿਸਟਮ ਵਿੱਚ 98% ਸਿਟੀ ਡੀਪਾਰਟਮੈਂਟ ਕੰਮ ਕਰ ਰਹੇ ਸਨ। ਸਿਸਟਮ ਵਿੱਚ 2.1 ਮਿਲੀਅਨ ਡਾਕੂਮੈਂਟਸ ਤਸੱਲੀ ਭਰਪੂਰ ਭੇਜੇ ਗਏ।





ਲੈਟਸ ਟਾਕ ਐਬਟਸਫੋਰਡ ਇੰਗੇਜਮੈਂਟ ਪੋਰਟਲ ਲੌਂਚ ਕੀਤਾ ਗਿਆ ਜਿਸ ਨਾਲ਼ ਏਥੋਂ ਦੇ ਵਸ਼ਿੰਦੇ ਬਹੁਤ ਸਾਰੇ ਪ੍ਰੋਜੈਕਟਾਂ ਤੇ ਜਾ ਕੇ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਨ ਅਤੇ ਉਨ੍ਹਾ ਤੇ ਆਪਣੀ ਪਸੰਦ ਜਾਂ ਨਾ ਪਸੰਦ ਦੀ ਟਿੱਪਣੀ ਦੇ ਸਕਦੇ ਹਨ।

**letstalkabbotsford.ca** ਤੇ ਸਾਈਨ ਕਰੋ ਤੇ ਇਨ੍ਹਾਂ ਪ੍ਰੋਜੈਕਟਾਂ ਬਾਰੇ ਫੀਡ ਬੈਕ ਦਿਓ।

ਇੱਕ ਸੰਸਥਾ ਦੇ ਤੌਰ ਤੇ 363 ਟਰੇਨਿੰਗ ਅਤੇ ਡਵੈਲਪਮੈਂਟ ਮੌਕਿਆਂ ਤੇ ਹਿੱਸਾ ਲਿਆ, ਜਿਸ ਕਰਕੇ ਉਨ੍ਹਾਂ ਕੰਮਾ ਵਿਚ ਹੋਰ ਨਿਪੁੰਨਤਾ ਆਈ।

ਅਸੀਂ ਇਨਟਰਨਲ COR ਹੈਲਥ ਅਤੇ ਸੇਫਟੀ ਔਡਿਟ ਕਾਮਯਾਬੀ ਨਾਲ਼ ਪਾਸ ਕੀਤਾ ਜਿਸ ਨੇ ਏਸ ਸੰਸਥਾ ਦੇ ਸੇਫਟੀ ਕਲਚਰ ਨੂੰ ਹੋਰ ਇੰਪਰੂਵ ਕੀਤਾ।



ਆਪਣਾ ਪਹਿਲਾ ਸਾਲਾਨਾ ਇੰਪਲਾਈ ਇਨਗੇਜਮਿੰਟ ਸਰਵੇ ਪੂਰਾ ਕੀਤਾ ਜਿਸ ਵਿੱਚ 61% ਸ਼ਾਮੂਲੀਅਤ ਹੋਈ।

## ਸਿਟੀ ਫੈਕਟਸ

ਸਿਟੀ ਨੇ 26361 ਘਰਾਂ ਦੀ ਸਰਵਿਸ ਕੀਤੀ, 4902 ਟੱਨ ਰੀ-ਸਾਈਕਲਿੰਗ ਇਕੱਠਾ ਕੀਤਾ, 12180 ਟੱਨ ਖਾਦ ਬਣੌਣ ਯੋਗ ਵੇਸਟ, 9550 ਟੱਨ ਗਾਰਬੇਜ ਇਕੱਠਾ ਕੀਤਾ ਅਤੇ 64% ਵਿਭਿੰਨਤਾ ਰੇਟ ਪ੍ਰਾਪਤ ਕੀਤਾ।

ਸ਼ਹਿਰ ਹਰ ਰੋਜ਼ ਤਕਰੀਬਨ 67 ਮਿਲੀਅਨ ਲਿਟਰ ਸੁਰੱਖਿਅਤ ਅਤੇ ਸਾਫ ਪੀਣ ਯੋਗ ਪਾਣੀ ਤਿਆਰ ਕਰਦਾ ਹੈ ਇਹ ਮਾਤਰਾ ਤਰਕੀਬਨ ਹਰ ਰੋਜ਼ 1700 ਸਵਿੱਮਿੰਗ ਪੂਲਾਂ ਦੇ ਪਾਣੀ ਦੇ ਬਰਾਬਰ ਹੈ।

2019 ਵਿਚ ਨਵੇਂ ਪੋਰਟਲ ਲੈਟਸਟਾਕ ਐਬਟਸਫੋਰਡ ਨੂੰ 13687 ਦਰਸ਼ਕਾਂ ਨੇ ਦੇਖਿਆ, ਜਿਸ ਨਾਲ਼ 2940 ਬੰਦਿਆਂ ਨੂੰ ਪਰੋਜੈਕਟਾਂ ਬਾਰੇ ਪੂਰੀ ਜਾਣਕਾਰੀ ਮਿਲ਼ੀ ਅਤੇ 1568 ਬੰਦਿਆਂ ਨੇ ਔਨਲਾਈਨ ਇਸ ਐਕਟਿਵਟੀ ਨੂੰ ਦੇਖਿਆ।

ਪਬਲਿਕ ਹੀਅਰਿੰਗ ਪਰੋਸੈੱਸ ਬਾਰੇ ਜਾਣਕਾਰੀ ਲੈਣ ਲਈ ਸਿਟੀ ਵੈਬਸਾਈਟ abbotsford.ca/publichearing ਦੇ ਛੋਟੇ ਵੀਡੀਓ ਤੋਂ ਜਾਣਕਾਰੀ ਲਵੋ।

ਸਾਡੇ ਇੰਜਨੀਅਰਿੰਗ ਦੇ ਸਮਰ ਸਟੂਡੈਂਟਸ ਨੇ ਕਈ ਵੀਡੀਓ ਬਲੌਗਸ ਬਣਾਏ ਹਨ ਜੋ ਕਿ ਕਾਫੀ ਸਾਰੇ ਜ਼ਰੂਰੀ ਵਿਸ਼ਿਆਂ, ਜਿਵੇਂ ਗਾਰਬੇਜ, ਰੀਸਾਈਕਲਿੰਗ ਤੇ ਵਾਟਰ ਟਰੀਟਮੈਂਟ ਪਲਾਂਟ ਦੀ ਜਾਣਕਾਰੀ ਦਿੰਦੇ ਹਨ। ਇਹ ਸਾਡੇ ਯੂ ਟਿਊਬ ਚੈਨਲ ਤੇ abbotsford.ca/abbotsfordyoutube ਤੇ ਦੇਖੇ ਜਾ ਸਕਦੇ ਹਨ।

ਐਬਟਸਫੋਰਡ ਇੱਕ ਬਹੁਤ ਹੀ ਵਧੀਆ ਕੋਮੁਨਿਟੀ ਹੈ ਜੋ ਕਿ ਰੋਜਰਸ ਹੋਮ ਟਾਊਨ ਹੌਕੀ ਦੇ ਮੈਚ ਕਈ ਵਾਰ ਖਿ੍ਡਾ ਚੁੱਕੀ ਹੈ 2019 ਵਿੱਚ ਸਾਡਾ ਦੂਜਾ ਟਾਈਮ ਸੀ।



## ਸਟੇਅ ਕੋਨੈਕਟਡ: ਕਾਊਂਸਿਲ ਮੀਟਿੰਗਸ:

ਸਿਟੀ ਕੌਂਸਲ ਦੀਆਂ ਆਖਰੀ ਮੀਟਿੰਗਾਂ ਬਾਰੇ ਜਾਣਕਾਰੀ ਹਰ ਹਫਤੇ ਸਿਟੀ ਦੇ ਵੈਬਸਾਈਟ abbotsford.ca/citypage ਉੱਪਰ ਅਤੇ ਐਬਟਸਫੋਰਡ ਨਿਊਜ਼ ਅਖਬਾਰ ਦੇ ਸ਼ੁੱਕਰਵਾਰ ਵਾਲ਼ੇ ਐਡੀਸ਼ਨ ਵਿੱਚ ਦੇਖ ਸਕਦੇ ਹੋ।ਸਿਟੀ ਕਾਊਨਸਿਲ ਦੀਆਂ ਮੀਟਿੰਗਾਂ ਹਰ ਦੂਜੇ ਸੋਮਵਾਰ ਵੈਬਸਾਈਟ ਤੇ ਲਾਈਵ ਸਣਾਈਆਂ ਜਾਂਦੀਆਂ ਹਨ ਅਤੇ ਔਨ ਲਾਈਨ ਵੀ abbotsford.-ca/livecouncil ਤੇ ਦੇਖ ਸਕਦੇ ਹੋ।

## ਮੋਬਾਈਲ ਕੁਨੈਕਸ਼ਨ:

**@ABBOSTORD MOBILE APP**
ਐਬਟਸਫੋਰਡ ਮੋਬਾਈਲ ਐਪ ਜੋ ਮੇਅਰ ਅਤੇ ਕਾਊਂਸਿਲ ਨਾਲ ਕੁਨੈਕਟ ਕਰਦਾ ਹੈ। ਇਸ ਤੇ ਲਈਅਰ ਸਰਵਿਸਿਸ ਰੀਪੋਰਟ ਅਤੇ ਮਸਲੇ ਦੇਖੇ ਜਾ ਸਕਦੇ ਹਨ।

ਐਬਟਸਫੋਰਡ ਕਰਬ ਕੁਲੈਕਟ ਐਪ: ਇਸ ਵਿੱਚ ਤੁਸੀਂ ਆਪਣੀ ਗਾਰਬੇਜ ਅਤੇ ਰੀਸਾਈਕਲਿੰਗ ਦੀ ਸ਼ਿਡਿਊਲ ਵਾਰੇ ਜਾਣਕਾਰੀ ਲੈ ਸਕਦੇ ਹੋ।

ਵਾਟਰਵੁਰਕਸ ਪੋਰਟਲ ਐਪ: ਇਸ ਵਿੱਚ ਤੁਸੀਂ ਵਰਤੇ ਗਏ ਪਾਣੀ ਬਾਰੇ ਜਾਣਕਾਰੀ, ਪਾਣੀ ਦੀ ਘੱਟ ਵੱਧ ਵਰਤੋਂ ਬਾਰੇ ਜਾਣਕਾਰੀ, ਮਿਲ ਰਹੇ ਰੀਬੇਟਸ ਦੀ ਜਾਣਕਾਰੀ ਲੈ ਸਕਦੇ ਹੋ। abbotsford.ca/apps ਤੇ ਚੈੱਕ ਕਰ ਲਓ।

## ਸੋਸ਼ਲ ਮੀਡੀਆਂ:

**ਫੇਸਬੁੱਕ**
/CityOfAbbotsford
/HenryBraunAbbotsford
/AbbotsfordPRC

**ਵੈੱਬ**
abbotsford.ca
caed.abbotsford.ca
abbotsfordairport.ca

**ਇੰਸਟਾਗ੍ਰਾਮ**
@CityofAbbotsfordEvents
@abbotsfordecdev

**ਟਵੀਟਰ**
@City_Abbotsford
@MayorHenryBraun
@AbbotsfordEcDev
@yxxairport

**ਯੂਟਿਊਬ**
abbotsford.ca/abbotsfordyoutube